ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈਲ)

ਹੁਕਮ ਨੰਬਰ -539042 ਮਿਤੀ- 04-06-2026

1. ਸਿਵਲ ਅਪੀਲ ਨੰਬਰ 1385 ਆਫ 2025 ANJUMAN ISHAT-E-TALEEM TRUST V/s STATE OF MAHARASHTRA ਅਤੇ ਹੋਰਨਾਂ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ Teacher Eligibility Test ਸਬੰਧੀ ਦਿੱਤੇ ਗਏ ਫੈਸਲੇ / ਮਿਤੀ 01.09.2025 ਅਨੁਸਾਰ ਟੀਚਰ ਦੀ ਨਿਯੁਕਤੀ ਅਤੇ ਪਦਉੱਨੱਤੀ ਲਈ Teacher Eligibility Test ਲਾਜਮੀ ਹੈ। ਜਿਸ ਦਾ operative part ਹੇਠ ਲਿਖੇ ਅਨੁਸਾਰ ਹੈ-

*"**VIII. Order on Applicability of the TET to in-service Teachers***

*218. Subject to what we have said above, it is reiterated that those aspiring for appointment and those in-service teachers aspiring for appointment by promotion must, however, qualify the TET; or else, they would have no right of consideration of their candidature."*

2. ਇਸ ਫੈਸਲੇ ਦੀ ਰੌਸ਼ਨੀ ਵਿੱਚ ਈ.ਟੀ.ਟੀ ਕਾਡਰ ਤੋਂ ਬਤੌਰ ਮਾਸਟਰ ਕਾਡਰ ਦੀਆਂ ਜੋ ਪਦ-ਉੱਨਤੀਆਂ ਦੀ ਪ੍ਰੀਕ੍ਰਿਆ ਆਰੰਭ ਮਿਤੀ 02.06.2025 ਨੂੰ ਵਿਭਾਗ ਦੀ ਵੈੱਬ-ਸਾਈਟ ਤੇ ਨੋਟਿਸ ਜਾਰੀ ਕਰਕੇ ਕੀਤੀ ਗਈ ਸੀ। ਇਸ ਨੋਟਿਸ ਦੀ ਮਿਤੀ ਤੱਕ ਪਦ-ਉੱਨਤੀ ਦੀ ਯੋਗਤਾ ਰੱਖਦੇ ਕਰਮਚਾਰੀਆਂ ਦੀ ਇੰਟਰ-ਸੇ ਸੀਨੀਆਰਤਾ ਤਿਆਰ ਕਰਨ ਦੇ ਵੇਰਵੇ ਮੰਗੇ ਗਏ ਸਨ। ਇਸ ਉਪਰੰਤ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਇੰਟਰ-ਸੇ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਅਤੇ ਇਸ ਇੰਟਰ-ਸੇ ਸੀਨੀਆਰਤਾ ਨੂੰ ਮੁੱਖ ਰੱਖਦਿਆਂ ਵੱਖ-2 ਮਿਤੀਆਂ ਨੂੰ ਜਾਰੀ ਹੁਕਮਾਂ ਰਾਹੀਂ ਈ.ਟੀ.ਟੀ ਕਾਡਰ ਤੋਂ ਬਤੌਰ ਮਾਸਟਰ ਕਾਡਰ ਪਦ-ਉੱਨਤੀਆਂ ਦੇ ਹੁਕਮ ਕੀਤੇ ਸਨ ਅਤੇ ਭਵਿੱਖ ਵਿੱਚ ਕਾਨੂੰਨੀ ਔਕੜਾ ਤੋ ਬਚਣ ਹਿੱਤ ਵਿਭਾਗ ਨੇ ਤਰੁੰਤ ਕਾਰਵਾਈ ਕਰਦੇ ਹੋਏ ਇਹਨਾ ਪੱਦਉਨਤ ਕਰਮਚਾਰੀਆਂ ਦੀ ਸਟੇਸ਼ਨ ਚੋਣ ਰੋਕ ਦਿੱਤੀ ਗਈ।

3. ਵਿਭਾਗ ਵੱਲੋਂ ਮਿਤੀ 12-11-2025 ਤੋ 05-01-2026 ਤੱਕ ਈ.ਟੀ.ਟੀ ਕਾਡਰ ਤੋ ਬਤੌਰ ਮਾਸਟਰ ਕਾਡਰ ਵਿੱਚ ਕੀਤੀਆਂ ਗਈਆਂ ਪੱਦਉਤੀਆਂ, ਜਿਹਨਾ ਦੀ ਸਟੇਸ਼ਨ ਚੋਣ ਕਾਰਵਾਈ ਅਮਲ ਵਿੱਚ ਨਹੀ ਲਿਆਦੀ ਗਈ ਸੀ, ਕੇਵਲ ਇਹਨਾ ਪੱਦਉਨਤੀਆਂ ਨੂੰ ਰੱਦ ਕੀਤਾ ਜਾਂਦਾ ਹੈ ਅਤੇ ਹੇਠ ਲਿਖੇ ਅਨੁਸਾਰ ਈ.ਟੀ.ਟੀ ਕਾਡਰ ਤੋ ਬਤੋਰ ਮਾਸਟਰ ਸੰਸਕ੍ਰਿਤ ਵਿਸ਼ੇ ਵਿੱਚ ਪੱਦਉਨਤੀਆਂ ਕੀਤੀਆਂ ਜਾਦੀਆਂ ਹਨ:-

| Sr No | E-punjab Staff I D | Name of the Employee | Designation | School Name | Block | District | Category | Category as per roster point |
|---|---|---|---|---|---|---|---|---|
| 1 | 150787692 | ANJU BALA RASSEWATT | ETT | GPS NANAK NAGARI | ABOHAR-1 | FAZILKA | GENERAL | OPEN |
| 2 | 245414421 | Ritu bala | ETT | GPS PH6 | kharar3 | sas nagar | general | OPEN |

| | | | | | | | | |
|---|---|---|---|---|---|---|---|---|
| 3 | 824211254 | MEENU RANI | ETT | GPS KLSM EKTA COLONY | ABOHAR-1 | FAZILKA | GENERAL | OPEN |
| 4 | 118113401 | GURMEET KAUR | ETT | GPS ALOHRAN GATE NABHA | BABARPUR AT NABHA | PATIALA | GENERAL | OPEN |
| 5 | 731324102 | SANGEETA RANI | ETT | GPS MAUZAM | FAZILKA-2 | FAZILKA | GEN | OPEN |
| 6 | 678093284 | RITU BALA | ETT | GPS BOPA RAI KALAN | NAKODAR-2 | JALANDHAR | SC (R&O) | RES SC |
| 7 | 565115451 | Renu bala | ETT | GPS Bhagomajra | Kharar 3 | SAS nagar | orthopedically handicape | RES HC |

**ਸ਼ਰਤਾਂ-**

1. Notification No. G.S.R. 48/Const./ Art.309/Amd.(4)/2024 dated the 04.09.2024, containing amendment in the Punjab Educational (Teaching Cadre) Group 'C' Service Rules, 2018 ਅਨੁਸਾਰ ਈ.ਟੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਲਈ 14% ਕੋਟਾ ਰਾਖਵਾਂ ਕੀਤਾ ਗਿਆ ਹੈ।
2. ਸਬੰਧਤ ਕਰਮਚਾਰੀ ਆਪਣੇ ਪਦ-ਉੱਨਤੀ ਵਾਲੇ ਵਿਸ਼ੇ ਨਾਲ ਸੰਬੰਧਤ ਸਾਰੀਆਂ ਵਿੱਦਿਅਕ ਯੋਗਤਾਵਾਂ (ਸਮੇਤ ਬੀ.ਏ. ਅਤੇ ਬੀ.ਐਡ. ਐਡੀਸ਼ਨਲ ਵਿਸ਼ੇ ਦੇ) ਕੱਟ-ਆਫ਼ ਮਿਤੀ 02.06.2025 ਤੱਕ ਪੂਰੀਆਂ ਕਰਦੇ ਹੋਣ। ਜੇਕਰ ਬਾਅਦ ਵਿੱਚ ਅਜਿਹਾ ਪਾਇਆ ਗਿਆ ਕਿ ਕਿਸੇ ਕਰਮਚਾਰੀ ਨੇ ਆਪਣੀ ਵਿੱਦਿਅਕ ਯੋਗਤਾ ਕਟ-ਆਫ਼ ਮਿਤੀ ਤੋਂ ਬਾਅਦ ਪ੍ਰਾਪਤ ਕੀਤੀ ਹੈ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਇਹ ਪਦ-ਉੱਨਤੀਆਂ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਸੰਬੰਧਤ ਸੇਵਾ ਨਿਯਮਾਂ ਅਧੀਨ ਵੱਖ-ਵੱਖ ਸਮੇਂ ਦੌਰਾਨ ਭਰਤੀਆਂ ਤਹਿਤ ਜਾਰੀ ਹੋਈ ਸਿਲੈਕਸ਼ਨ/ਮੈਰਿਟ ਤਹਿਤ ਰਾਜ ਪੱਧਰ ਤੇ ਤਿਆਰ ਕੀਤੀ ਗਈ ਇੰਟਰ-ਸੇ ਸੀਨੀਆਰਤਾ ਦੇ ਅਧਾਰ ਤੇ ਕੀਤੀਆਂ ਜਾਂਦੀਆਂ ਹਨ। ਜੇਕਰ ਕਿਸੇ ਵੀ ਸਟੇਜ ਤੇ ਕਰਮਚਾਰੀ ਦੀ ਪਾਤਰਤਾ ਦੇ ਵੇਰਵੇ ਗਲਤ ਪਾਏ ਗਏ, ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਇਹ ਪਦਉੱਨਤੀਆਂ ਰਿਵੀਊ ਅਧੀਨ ਵਿਚਾਰਨਯੋਗ ਹੋਣਗੀਆਂ।

4. ਸਿਵਲ ਅਪੀਲ ਨੰਬਰ 1385 ਆਫ 2025 ANJUMAN ISHAT-E-TALEEM TRUST V/s STATE OF MAHARASHTRA ਅਤੇ ਹੋਰਨਾਂ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ Teacher Eligibility Test ਸਬੰਧੀ ਦਿੱਤੇ ਗਏ ਫੈਸਲੇ / ਮਿਤੀ 01.09.2025 ਅਧੀਨ ਸਮੂਹ ਕਰਮਚਾਰੀਆਂ ਨੂੰ ਮਾਸਟਰ ਕਾਡਰ ਦੀ ਪਦ-ਉੱਨਤੀ ਲਈ PSTET-2 ਪਾਸ ਕਰਨਾ ਲਾਜਮੀ ਹੈ। ਇਸ ਲਈ ਕਰਮਚਾਰੀਆਂ ਦੇ PSTET-2 ਪਾਸ ਹੋਣ ਦੀ ਪੁਸ਼ਟੀ ਕਰਨ ਉਪਰੰਤ ਹੀ ਕਰਮਚਾਰੀਆਂ ਨੂੰ ਹਾਜਰ / ਫਾਰਗ ਕਰਵਾਇਆ ਜਾਵੇ।

5. ਸਬੰਧਤ ਕਰਮਚਾਰੀ / ਕਰਮਚਾਰਨ ਪਦ-ਉੱਨਤੀ ਵਾਲੇ ਸਟੇਸ਼ਨ ਤੇ ਹਾਜਰ ਹੋਣ ਦੀ ਸੂਰਤ ਵਿੱਚ ਆਪਣਾ ਪਦ-ਉੱਨਤੀ / ਸੇਵਾ ਰਿਕਾਰਡ ਸਬੰਧੀ ਡਾਟਾ, ਸਟੇਸ਼ਨ ਅਲਾਟਮੈਂਟ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 02 ਦਿਨਾਂ ਦੇ ਅੰਦਰ-2 ਈ-ਪੰਜਾਬ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਉਣਗੇ। ਅਲਾਟ ਕੀਤੇ ਗਏ ਸਟੇਸ਼ਨ ਤੇ ਹਾਜਰ ਨਾ ਹੋਣ ਅਤੇ ਨਿਰਧਾਰਿਤ ਸਮੇਂ ਦੇ ਅੰਦਰ ਡਾਟਾ ਅਪਡੇਟ ਨਾ ਕਰਨ ਦੀ ਸੂਰਤ ਵਿੱਚ, ਸਬੰਧਤ ਕਰਮਚਾਰੀ / ਕਰਮਚਾਰਨ ਨੂੰ ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲਜ਼ 1994 ਦੇ ਨਿਯਮ 8(2) ਤਹਿਤ 2 ਸਾਲ ਦੇ ਸਮੇਂ ਲਈ ਪਦ-ਉੱਨਤੀ ਦੇ ਹੱਕ ਤੋਂ ਡੀ-ਬਾਰ ਕਰ ਦਿੱਤਾ ਜਾਵੇਗਾ। ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਡੀ-ਬਾਰ ਸਬੰਧੀ ਕਾਰਵਾਈ ਈ-ਪੰਜਾਬ ਪੋਰਟਲ ਤੇ ਅਪਲੋਡ ਡਾਟੇ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਇੰਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਸਬੰਧਤ ਕਰਮਚਾਰੀ ਅਤੇ ਸਬੰਧਤ ਸਕੂਲ ਮੁਖੀ ਵਿਰੁੱਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਸਬੰਧਤ ਸਕੂਲ ਮੁਖੀ ਵੱਲੋਂ ਡੀ-ਬਾਰ ਹੋਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਵਿੱਚ ਇਸ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇਗਾ।

ਸਕੱਤਰ ਸਿੰਘ ਬੱਲ, ਪੀ.ਸੀ.ਐਸ.
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।

ਪਿੱਠ ਅੰਕਣ ਨੰਬਰ- ਉਕਤ/2025155330-333 ਮਿਤੀ, ਐਸ.ਏ.ਐਸ.ਨਗਰ- 04.06.2026

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ (ਐ.ਸਿ./ਸੈ.ਸਿ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸ਼ਰਤਾਂ ਅਧੀਨ ਸਬੰਧਤ ਕਰਮਚਾਰੀਆਂ ਦੇ ਵੇਰਵੇ ਅਤੇ ਮੁਕੰਮਲ ਪਾਤਰਤਾ, ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਉਣ ਸਮੇਂ ਮੁੜ ਚੈੱਕ ਕਰ ਲਏ ਜਾਣ ਅਤੇ ਉਕਤ ਸ਼ਰਤਾਂ ਅਧੀਨ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ। ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਯੋਗਤਾ ਹਾਸਲ ਕਰਨ ਵਾਲੇ ਕਰਮਚਾਰੀਆਂ ਦੀ ਯੋਗਤਾ ਯੂ.ਜੀ.ਸੀ. ਦੀਆਂ ਗਾਈਡਲਾਈਨਜ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਧੀਨ ਵੈਰੀਫਾਈ ਕੀਤੀ ਜਾਵੇ। ਪਦ-ਉੱਨਤ ਕੀਤੇ ਗਏ ਉਕਤ ਕਰਮਚਾਰੀਆਂ ਨੂੰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਤੇ ਵਿਭਾਗੀ ਨਿਯਮਾਂ ਅਧੀਨ ਕੇਸ ਚੈੱਕ ਕਰਨ ਉਪਰੰਤ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ। ਜੇਕਰ ਕਿਸੇ ਕਰਮਚਾਰੀ ਦਾ ਕੇਸ ਕਿਸੇ ਵੀ ਤਰਾਂ ਨਾਲ ਅਯੋਗ ਪਾਇਆ ਜਾਂਦਾ ਹੈ ਤਾਂ ਤੁਰੰਤ ਅਗਵਾਈ ਲਈ ਵਾਪਿਸ ਭੇਜਿਆ ਜਾਵੇ।

2. ਸਬੰਧਤ ਡੀ.ਡੀ.ਓ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪਦ-ਉੱਨਤ ਕਰਮਚਾਰੀ ਦੀ ਹਰ ਪੱਖੋਂ ਸਬੰਧਤ ਵਿਸ਼ੇ ਵਿੱਚ ਯੋਗਤਾ ਨੂੰ ਵੈਰੀਫਾਈ ਕਰਦਿਆਂ, ਉਕਤ ਦਰਸਾਈਆਂ ਸ਼ਰਤਾਂ ਅਧੀਨ ਹੀ ਕਰਮਚਾਰੀਆਂ ਨੂੰ

ਫਾਰਗ / ਹਾਜਰ ਕਰਵਾਇਆ ਜਾਵੇ ਅਤੇ ਇਸ ਉਪਰੰਤ ਉਕਤ ਸ਼ਰਤਾਂ ਦੇ ਲੜੀ ਨੰ: 4 ਅਨੁਸਾਰ ਲੋੜੀਂਦੀ ਕਾਰਵਾਈ ਸਮੇਂ ਸਿਰ ਕਰਨੀ ਯਕੀਨੀ ਬਣਾਈ ਜਾਵੇ।

3. ਸਬੰਧਤ ਕਰਮਚਾਰੀ।

4. ਪੀ-2/4 ਸੀਟ, ਪ੍ਰਮੋਸ਼ਨ ਸੈੱਲ, ਦ.ਡੀ.ਐਸ.ਈ. (ਸੈਕੰਡਰੀ) ਪੰਜਾਬ ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)